WCB FACTS 2018

# ਮੈਡੀਕਲੂ ਸਹਾਇਤਾ ਵਿਭਾਗੂ WCB ਮੈਡੀਕਲੂ ਸਹਾਇਤਾ ਵਿਭਾਗੂ

### WCB ਮੇਰੇ ਬਿਲਾਂ ਦੀੁ ਪ੍ਰਕਿਰਿਆ ਕਿਵੇਂ ਕਰਦਾ ਹੈ?

WCB **ਮੈਡੀਕਲ ਸਹਾਇਤਾ ਵਿਭਾਗ** ਪ੍ਰਕਿਰਿਆਵਾਂ ਰਾਹੀਂ ਭੁਗਤਾਨ ਕਰਦਾ ਹੈ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਅਤੇ ਮੈਡੀਕਲ ਆਪੂਰਤੀ ਕਰਨ ਵਾਲਿਆਂ ਨੂੰ ਮਹੀਨੇ ਵਿੱਚ ਦੋ ਵਾਰ (ਭੁਗਤਾਨ ਮਹੀਨੇ ਦੀ ਲੱਗਭੱਗ 15ਵੀਂ ਅਤੇ 30ਵੀਂ ਤਾਰੀਖ਼ ਨੂੰ ਜਾਂ ਇਹਨਾਂ ਦੇ ਆਸਪਾਸ ਜਾਰੀ ਕੀਤੇ ਜਾਂਦੇ ਹਨ ਅਤੇ ਅਗਲੇ ਕਾਰੋਬਾਰੀ ਦਿਨ ਡਾਕ ਰਾਹੀਂ ਭੇਜੇ ਜਾਂਦੇ ਹਨ)।

ਭੇਜੇ ਗਏ ਪੈਸਿਆਂ ਦੀ ਇੱਕ ਸਟੇਟਮੈਂਟ ਤੁਹਾਡੇ ਚੈੱਕ ਦੇ ਨਾਲ ਭੇਜ ਜਾਂਦੀ ਹੈ; ਜੇ ਤੁਹਾਨੂੰ ਆਪਣਾ ਭੁਗਤਾਨ ਡਾਇਰੈਕਟ ਡਿਪੌਜ਼ਿਟ ਰਾਹੀਂ ਮਿਲਦਾ ਹੈ, ਤਾਂ ਭੇਜੇ ਗਏ ਪੈਸਿਆਂ ਦੀ ਸਟੇਟਮੈਂਟ ਉਸ ਵੇਲੇ ਡਾਕ ਰਾਹੀਂ ਭੇਜੀ ਜਾਵੇਗੀ ਜਦੋਂ ਤੁਹਾਡੀ ਜਮ੍ਹਾਂ ਕੀਤੀ ਰਕਮ ‘ਤੇ ਪ੍ਰਕਿਰਿਆ ਹੋ ਜਾਵੇਗੀ। ਪੈਸੇ ਭੇਜਣ ਦੀ ਸਟੇਟਮੈਂਟ ਵਿੱਚ ਇਸ ਬਾਰੇ ਵੇਰਵੇ ਹੁੰਦੇ ਹਨ ਕਿ ਕੀ ਭੁਗਤਾਨ ਕੀਤਾ ਗਿਆ ਸੀ; ਇਸ ਜਾਣਕਾਰੀ ਨੂੰ ਤੁਹਾਡੇ ਰਿਕਾਰਡਾਂ ਨਾਲ ਮਿਲਾਉਣ ਲਈ ਵਰਤਿਆ ਜਾ ਸਕਦਾ ਹੈ। ਕਿਰਪਾ ਕਰਕੇ ਆਪਣੀਆਂ ਭੇਜੀਆਂ ਰਕਮ ਸਟੇਟਮੈਂਟਾਂ ਨੂੰ ਸੰਭਾਲ ਕੇ ਰੱਖੋ ਦੋ ਸਾਲ ਲਈ, ਆਪਣੇ ਖੁਦ ਦੇ ਰਿਕਾਰਡ ਲਈ।

### ਮੈਨੂੰ ਆਪਣੇ WCB ਨੰ ਭੇਜੇ ਬਿਲ ਵਿੱਚ ਕਿਹੜੀ ਜਾਣਕਾਰੀ ਸ਼ਾਮਲ ਕਰਨੀ ਚਾਹੀਦੀ ਹੈ?

ਇਕਸਾਰ ਬਿਲਾਂ, ਅਤੇ ਸਮੇਂ ਸਿਰ ਅਤੇ ਬਿਲਕੁਲ ਸਹੀ ਭੁਗਤਾਨਾਂ ਨੂੰ ਯਕੀਨੀ ਬਣਾਉਣ ਲਈ, WCB ਨੂੰ ਤੁਹਾਡੇ ਬਿਲਾਂ ਵਿੱਚ ਅੱਗੇ ਦਿੱਤੀ ਜਾਣਕਾਰੀ ਦੀ ਲੋੜ ਹੁੰਦੀ ਹੈ:

ਜੇਕਰ ਤੁਸੀਂ ਇੱਕ **ਸਿਹਤਸੰਭਾਲ ਪੇਸ਼ੇਵਰ** ਹੋ:

- ਮੌਜੂਦਾ ਕਲੇਮ ਸੰਖਿਆ
- ਸੱਟ ਲੱਗੇ ਕਾਮੇ ਦਾ ਨਾਂ, ਜਨਮ ਮਿਤੀ ਅਤੇ ਡਾਕ ਲਈ ਪਤਾ
- ਸੱਟ ਦੀ ਮਿਤੀ, ਨਿਦਾਨ ਅਤੇ/ਜਾਂ ਸੱਟ ਦਾ ਖੇਤਰ
- ਰੁਜ਼ਗਾਰਦਾਤਾ ਦਾ ਪੂਰਾ ਨਾਂ ਅਤੇ ਪਤਾ
- ਬਿਲ ਦੀ ਸੇਵਾ ਦੀ ਸਹੀ ਮਿਤੀ
- ਸ਼ੁਲਕ ਕੋਡ ਅਤੇ ਲਾਗੂ ਫੀਸ

- WCB ਦਾ ਖਾਤਾ ਨੰਬਰ, ਪਤੇ, ਫ਼ੋਨ ਅਤੇ ਫੈਕਸ ਨੰਬਰ, ਅਤੇ ਹਸਤਾਖ਼ਰ ਦੇ ਸਮੇਤ

ਡਾਕਟਰਾਂ ਅਤੇ ਕਾਇਰੋਪ੍ਰੈਕਟਰਾਂ ਦੇ ਲਈ ਸਾਡੇ **ਨਵੇਂ** ਸਧਾਰਨ ਬਿਲਿੰਗ ਫਾਰਮ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ www.wcb.mb.ca/resources/healthcare-form ਤੇ ਜਾਉ।

ਵਰਤਮਾਨ ਵਿੱਚ WCB ਮਨੀਟੋਬਾ ਹੈਲਥ ਦੁਆਰਾ ਜਾਰੀ ਕੀਤੀ ਗਈ ਫੀਸ ਗਾਈਡ/ਕਾਰਜਕ੍ਰਮ ਦੀ ਪਾਲਣਾ ਕਰਦਾ ਹੈ। ਡਾਕਟਰ ਅਤੇ ਹਸਪਤਾਲਾਂ ਦੇ ਰੇਟਾਂ ਦਾ ਭੁਗਤਾਨ ਅੰਤਰ-ਸੂਬਾਈ ਬਿਲਿੰਗ ਰੇਟਾਂ ਸਮੇਤ, ਮਨੀਟੋਬਾ ਫਿਜੀਸਿਅਨ ਦੇ ਮੈਨੁਅਲ ਦੇ ਅਨੁਸਾਰ ਕੀਤਾ ਜਾਂਦਾ ਹੈ।

ਜੇਕਰ ਤੁਸੀਂ ਇੱਕ **ਫਿਜ਼ਿਓਥੇਰੇਪੀ ਕਲੀਨਿਕ** ਹੋ:

- ਮੌਜੂਦਾ ਕਲੇਮ ਸੰਖਿਆ
- ਸੱਟ ਲੱਗੇ ਕਾਮੇ ਦਾ ਨਾਂ, ਜਨਮ ਮਿਤੀ ਅਤੇ ਡਾਕ ਲਈ ਪਤਾ
- ਸੱਟ ਦੀ ਮਿਤੀ, ਨਿਦਾਨ ਅਤੇ/ਜਾਂ ਸੱਟ ਦਾ ਖੇਤਰ
- ਸ਼ੁਰੂਆਤੀ ਅਤੇ ਬਾਅਦ ਵਾਲੀਆਂ ਮੁਲਾਕਾਤਾਂ ਦੀ ਮਿਤੀ
- ਟੈਰਿਫ ਕੋਡ/ਵਿਵਰਣ ਅਤੇ ਲਾਗੂ ਫੀਸਾਂ
- WCB ਦਾ ਖਾਤਾ ਨੰਬਰ, ਪਤੇ, ਫ਼ੋਨ ਅਤੇ ਫੈਕਸ ਨੰਬਰ, ਅਤੇ ਹਸਤਾਖ਼ਰ ਦੇ ਸਮੇਤ

ਜੇਕਰ ਤੁਸੀਂ ਇੱਕ **ਵਿਕਰੇਤਾ** ਹੋ (ਉਦਾਹਰਨ ਲਈ ਸਪਲਾਈ ਕੰਪਨੀਆਂ, ਪੇਸ਼ਾਵਰ ਸੇਵਾ, ਸਕੂਲ, ਵਗੈਰਾ)

- ਮੌਜੂਦਾ WCB ਕਲੇਮ ਸੰਖਿਆ
- ਸੱਟ ਲੱਗੇ ਕਾਮੇ ਦਾ ਨਾਂ ਅਤੇ ਡਾਕ ਲਈ ਪਤਾ
- ਬਿਲ ਦੀ ਸੇਵਾ ਦੀ ਸਹੀ ਮਿਤੀ
- ਬਿਲ ਦੀਆਂ ਸੇਵਾਵਾਂ ਬਾਰੇ ਪੂਰੀ ਜਾਣਕਾਰੀ, ਲਾਗੂ ਫੀਸਾਂ ਸਮੇਤ
- WCB ਦਾ ਖਾਤਾ ਨੰਬਰ, ਪਤੇ, ਫ਼ੋਨ ਅਤੇ ਫੈਕਸ ਨੰਬਰ, ਅਤੇ ਹਸਤਾਖ਼ਰ ਦੇ ਸਮੇਤ

ਜੇ ਤੁਸੀਂ ਸੁਣਨ ਸ਼ਕਤਿ ਵਿੱਚ ਕਮੀ ਸਬੰਧੀ ਕਲੀਨਿਕ ਹੋ ਤਾਂ ਕਿਰਪਾ ਕਰਕੇ ਸਾਡੇ ਹਿਅਰਿੰਗ ਲੌਸ ਬਿਲਿੰਗ ਬਿਲ ਦੀ ਵਰਤੋਂ ਕਰੋ ਜੋ www.wcb.mb.ca/resources/healthcare-form ਤੋਂ ਮਿਲ ਸਕਦਾ ਹੈ।

ਜੇਕਰ ਤੁਸੀਂ ਕੋਈ **ਫਾਰਮੇਸੀ** ਹੋ:

- ਮੌਜੂਦਾ WCB ਕਲੇਮ ਸੰਖਿਆ
- ਸੱਟ ਲੱਗੇ ਕਾਮੇ ਦਾ ਨਾਂ ਅਤੇ ਡਾਕ ਲਈ ਪਤਾ
- ਤਜਵੀਜ਼ ਕੀਤੀ ਦਵਾਈ ਦੇਣ ਦੀ ਮਿਤੀ
- ਦਵਾਈ ਦਾ ਨਾਮ, DIN ਅਤੇ ਮਾਤਰਾ
- ਤਜਵੀਜ਼ ਕਰਤਾ ਡਾਕਟਰ ਦਾ ਨਾਂ ਅਤੇ ਪਤਾ
- ਤਜਵੀਜ਼ ਕੀਤੀ ਦਵਾਈ ਦੀ ਲਾਗਤ
- WCB ਦਾ ਖਾਤਾ ਨੰਬਰ, ਪਤੇ ਅਤੇ ਫ਼ੋਨ ਅਤੇ ਫੈਕਸ ਨੰਬਰ ਦੇ ਸਮੇਤ

ਕਿਰਪਾ ਕਰਕੇ ਸੇਵਾ ਦੇ ਮਹੀਨੇ ਅਨੁਸਾਰ ਹਰੇਕ WCB ਸੱਟ ਲੱਗੇ ਕਾਮੇ ਲਈ ਵੱਖਰਾ ਫਾਈਲ ਕਰੋ।

**ਮੇਰੇ ਰਾਹੀਂ ਇੱਕ ਬਿਲ ਦੁਬਾਰਾ ਦਿੱਤੇ ਜਾਣ ਤੋਂ ਪਹਿਲਾਂ ਮੈਨੂੰ ਕਿੰਨੀ ਦੇਰ ਉਡੀਕਣਾ ਚਾਹੀਦਾ ਹੈ?**

WCB ਦਾ ਟੀਚਾ ਬਿਲ ਦਾ ਸਮੇਂ ਸਿਰ ਭੁਗਤਾਨ ਕਰਨਾ ਹੈ; ਬਿਲ ਪ੍ਰਾਪਤ ਕਰਨ ਤੋਂ ਬਾਅਦ 30 ਕਾਰੋਬਾਰੀ ਦਿਨਾਂ ਦੇ ਅੰਦਰ ਬਿਲਾਂ ’ਤੇ ਪ੍ਰਕਿਰਿਆ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਫੇਰ ਵੀ, ਜੇਕਰ ਤੁਹਾਨੂੰ ਕੋਈ ਬਿਲ ਦੁਬਾਰਾ ਜਮਾ ਕਰਨਾ ਹੋਵੇ, ਕਿਰਪਾ ਕਰਕੇ WCB ਨੂੰ ਮੂਲ ਰੂਪ ਵਿੱਚ ਬਿਲ ਜਮ੍ਹਾ ਕਰਾਉਣ ਦੀ ਮਿਤੀ ਤੋਂ ਘੱਟੋ ਘੱਟ **45 ਕਾਰੋਬਾਰੀ ਦਿਨ** ਤਕ ਉਡੀਕ ਕਰੋ। ਜੇਕਰ ਤੁਸੀਂ ਕੋਈ ਬਿਲ ਦੁਬਾਰਾ ਜਮਾ ਕਰਵਾ ਰਹੇ ਹੋ, ਕਿਰਪਾ ਕਰਕੇ ਆਪਣੇ ਬਿਲ ਤੇ “ਓਵਰ-ਡਿਊ” ਜਾਂ “ਰੀ-ਸਬਮਿਸ਼ਨ” ਲਿਖੋ ਅਤੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਹਾਡੇ ਬਿਲ ਦੀ ਫੌਰਨ ਸਮੀਖਿਆ ਕੀਤੀ ਜਾਵੇ।

**WCB ਤੋਂ ਕਿਹੜੀਆਂ ਸੇਵਾਵਾਂ ਦੀ ਪੂਰਵ-ਆਗਿਆ ਲੈਣੀ ਪੈਂਦੀ ਹੈ?**

ਫਿਜਿਓਥੈਰੇਪੀ, ਕਾਈਰੋਪ੍ਰੈਕਟਿਕ ਇਲਾਜ, ਅਤੇ ਸਰਜਰੀ ਲਈ ਸੇਵਾਵਾਂ ਦੀ ਪੂਰਵ-ਆਗਿਆ ਨਿਰਣਾਇਕ ਅਤੇ/ਜਾਂ ਕੇਸ ਮੈਨੇਜਰ ਤੋਂ ਲੈਣੀ ਪੈਂਦੀ ਹੈ। ਜਦੋਂ ਸ਼ੰਕਾ ਹੋਵੇ, ਕਿਰਪਾ ਕਰਕੇ ਨਿਰਣਾਇਕ ਅਤੇ/ਜਾਂ ਕੇਸ ਮੈਨੇਜਰ ਨਾਲ ਚਰਚਾ ਲਈ ਸਿਧੇ ਸੰਪਰਕ ਕਰੋ।

**WCB ਨੂੰ ਬਿਲ ਭੇਜਣ ਤੋਂ ਪਹਿਲਾਂ ਮੈਂ ਕਿੰਨ੍ਹੀ ਦੇਰ ਉਡੀਕ ਕਰਾਂ?**

ਕਿਰਪਾ ਕਰਕੇ WCB ਨੂੰ ਤੁਰੰਤ ਜਾਂ ਨਿਯਮਿਤ ਕਾਰਜਕ੍ਰਮ ਆਧਾਰ ਤੇ ਬਿਲ ਭੇਜੋ। ਡਾਕਟਰ ਨਾਲ ਕਾਮੇ ਦੀ ਪਿਛਲੀ ਮੁਲਾਕਾਤ ਮਿਤੀ ਤੋਂ **12 ਮਹੀਨੇ ਬਾਅਦ**, ਜਾਂ ਘਟਨਾ ਤੋਂ ਬਾਅਦ ਕਾਮੇ ਦੇ ਕੰਮ ਤੇ ਮੁੜਨ ਦੀ ਮਿਤੀ ਤੋਂ **12 ਮਹੀਨੇ ਬਾਅਦ** (ਜਿਹੜਾ ਵੀ ਸਮਾਂ ਘੱਟ ਹੋਵੇ) WCB ਰਾਹੀਂ ਕਿਸੇ ਵੀ ਬਿਲ ਤੇ ਪ੍ਰਕਿਰਿਆ ਨਹੀਂ ਕੀਤੀ ਜਾਵੇਗੀ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।

ਹੋਰ ਜਾਣਕਾਰੀ ਲਈ, *ਕਾਮਾ ਮੁਆਵਜ਼ਾ ਐਕਟ (The Workers Compensation Act)* ਦੇ ਸੈਕਸ਼ਨ 27(14) ਤੋਂ ਹਵਾਲਾ ਲਓ, ਜਿਹੜਾ http://www.wcb.mb.ca/the-workers-compensation-act-and-regulations ਤੇ ਦੇਖਿਆ ਜਾ ਸਕਦਾ ਹੈ।

**ਜੀ.ਐਸ.ਟੀ. ਤੋਂ ਛੋਟ**

ਜੀ.ਐਸ.ਟੀ/ਐਚ.ਐਸ.ਟੀ ਦੇ ਉਦੇਸ਼ਾਂ ਲਈ ਪ੍ਰੋਵਿੰਸੀਅਲ ਕ੍ਰਾਊਨ ਅੰਬਰੇਲਾ ਤਹਿਤ ਵਰਕਰਜ਼ ਕੰਪਨਸੇਸ਼ਨ ਬੋਰਡ ਨੂੰ ਸ਼ਾਮਿਲ ਕੀਤਾ ਗਿਆ ਹੈ, ਅਤੇ, ਇੰਝ ਹੀ ਵਸਤੂਆਂ ਅਤੇ ਸੇਵਾਵਾਂ 'ਤੇ ਇਨ੍ਹਾਂ ਕਰਾਂ ਤਹਿਤ ਨਹੀਂ ਆਉਂਦੀਆਂ।

**ਸਵਾਲ ਹਨ?**

ਭੁਗਤਾਨਾਂ ਸਬੰਧੀ ਕਿਸੇ ਵੀ ਪੁੱਛਗਿਛ ਲਈ, ਕਿਰਪਾ ਕਰਕੇ ਸਾਡੇ ਕਲੇਮ ਸਰਵਿਸ ਸੈਂਟਰ ਨਾਲ 204-954-4321 ਜਾਂ ਟੋਲ-ਫ੍ਰੀ ਨੰਬਰ 1-855-954-4321 ਤੇ ਸੰਪਰਕ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ WCB *ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।